## ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

**ਨੰ. ਡੀ.ਡੀ.ਐਮ.ਏ./ਕੋਵਿਡ-19/2020/128** **ਮਿਤੀ 02.05.2020**

**ਹੁਕਮ**

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ-19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਆਲਮੀ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਅਤੇ ਜਦੋਂ ਕਿ ਕੋਵਿਡ-19 ਦੀ ਸਮੱਸਿਆ ਖ਼ਤਮ ਕਰਨ ਲਈ ਭਾਰਤ ਸਰਕਾਰ ਨੇ ਰਾਸ਼ਟਰੀ ਰਾਜਧਾਨੀ, ਖੇਤਰ ਦਿੱਲੀ ਸਮੇਤ ਸਾਰੇ ਦੇਸ਼ ਵਿਚ 17 ਮਈ, 2020 ਦੀ ਅੱਧੀ ਰਾਤ ਤੱਕ ਲਾਕਡਾਊਨ ਅਧਿਸੂਚਿਤ ਕਰ ਦਿੱਤਾ ਹੈ ;

ਅਤੇ ਜਦੋਂ ਕਿ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਸਥਿਤੀ ਨਾਲ ਸਹੀ ਢੰਗ ਨਾਲ ਨਜਿੱਠਣ ਲਈ ਸਾਰੇ ਸੰਬੰਧਤ ਅਧਿਕਾਰੀਆਂ ਨੂੰ ਸਮੇਂ-ਸਮੇਂ 'ਤੇ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ ;

ਅਤੇ ਜਦੋਂ ਕਿ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੀਆਂ ਮਾਲੀਆ ਸੇਵਾਵਾਂ ਵਿਭਾਗ ਨੇ ਆਪਣੇ ਮਿਤੀ 01.04.2020 ਦੇ ਪੱਤਰ ਰਾਹੀਂ ਪ੍ਰਧਾਨਮੰਤਰੀ ਗਰੀਬ ਕਲਿਆਣ ਯੋਜਨਾ ਦੇ ਅੰਤਰਗਤ ਪੈਸੇ ਦੀ ਵੰਡ ਬਾਰੇ ਵਿਸਤਾਰ ਸਹਿਤ ਦਿਸ਼ਾ-ਨਿਰਦੇਸ਼ ਦੀ ਜਾਣਕਾਰੀ ਦਿੱਤੀ ਹੈ, ਜਿਸ ਵਿਚ ਭੀੜ ਨਾਲ ਨਜਿੱਠਣ ਲਈ ਖਾਤਾਧਾਰਕਾਂ ਨੂੰ ਵੱਖ ਕਰਨਾ ਅਤੇ ਸਮਾਜਿਕ ਦੂਰੀ ਬਣਾਈ ਰੱਖਣਾ ; ਖਾਤਾਧਾਰਕਾਂ ਨੂੰ ਵੱਖ ਕਰਨਾ ਅਤੇ ਕੈਸ਼ ਵੰਡਣ ਦੇ ਤੌਰ ਤਰੀਕੇ ਪ੍ਰਚਾਰਿਤ ਕਰਨਾ ; ਅਤੇ ਕਾਨੂੰਨ ਪ੍ਰਬੰਧ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਲਈ ਬੈਂਕ ਸ਼ਾਖਾਵਾਂ ਅਤੇ ਬਿਜ਼ਨੇਸ ਕਾਰਸਪੌਡਸ ਦੇ ਨਾਲ ਸਹੀ ਸੁਰੱਖਿਆ ਕਰਮਚਾਰੀ ਮੁਹੱਈਆ ਕਰਨਾ ਸ਼ਾਮਲ ਹੈ ;

ਅਤੇ ਜਦੋਂ ਕਿ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਨੇ ਆਪਣੇ ਹੁਕਮ ਸੰਖਿਆ ਡੀ.ਡੀ.ਐਮ.ਏ./ਕੋਵਿਡ-19/18 ਮਿਤੀ 03.04.2020 (ਕਾਪੀ ਨੱਥੀ ਹੈ) ਦੇ ਜ਼ਰੀਏ ਸਾਰੇ ਸੰਬੰਧਤ ਅਧਿਕਾਰੀਆਂ/ਵਿਭਾਗਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਵਿੱਤ ਮੰਤਰਾਲੇ ਦੇ ਉਪਰੋਕਤ ਦਿਸ਼ਾ-ਨਿਰਦੇਸ਼ਾਂ ਦਾ ਸਖ਼ਤੀ ਨਾਲ ਪਾਲਣ ਕਰਨ ;

ਅਤੇ ਜਦੋਂ ਕਿ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੀਆਂ ਮਾਲੀਆ ਸੇਵਾਵਾਂ ਵਿਭਾਗ ਨੇ ਆਪਣੇ ਮਿਤੀ 01.05.2020 ਦੇ ਪੱਤਰ (ਕਾਪੀ ਨੱਕੀ ਹੈ) ਰਾਹੀਂ ਅੱਗੇ ਜਾਣਕਾਰੀ ਦਿੱਤੀ ਹੈ ਕਿ ਪ੍ਰਧਾਨਮੰਤਰੀ ਜਨ-ਧੰਨ ਯੋਜਨਾ ਦੇ ਅੰਤਰਗਤ ਖਾਤਾ ਧਾਰਕ ਮਹਿਲਾਵਾਂ ਦੇ ਬੈਂਕ ਖਾਤਿਆਂ ਵਿਚ ਪ੍ਰਧਾਨਮੰਤਰੀ ਗਰੀਬ ਕਲਿਆਣ ਪੈਕੇਜ ਦੇ ਤਹਿਤ ਕੋਵਿਡ-19 ਮਹਾਮਾਰੀ ਨੂੰ ਦੇਖਦੇ ਹਏ ਮਈ 2020 ਲਈ 500 ਰੁਪਏ ਪ੍ਰਤੀ ਲਾਭਾਰਥੀ ਦੀ ਦਰ ਨਾਲ ਅਨੁਗ੍ਰਹਿ ਡਾਇਰੈਕਟ ਵੰਡਣ ਲਈ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ;

ਇਸ ਲਈ ਹੁਣ ਨਿਮਨ-ਹਸਤਾਖ਼ਰੀ ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਦੇ ਤਹਿਤ ਮੌਜੂਦ ਅਧਿਕਾਰਾਂ ਦਾ ਪ੍ਰਯੋਗ ਕਰਦੇ ਹੋਏ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ, ਰਾਜ ਕਾਰਜਕਾਰੀ ਸਮਿਤੀ ਦੇ ਮੁਖੀ ਦੇ ਰੂਪ ਵਿਚ ਰਾ.ਰਾ.ਖੇ. ਦਿੱਲੀ ਸਰਕਾਰ ਦੇ ਸਾਰੇ ਵਿਭਾਗਾਂ/ਅਧਿਕਾਰੀਆਂ ਅਤੇ ਦਿੱਲੀ ਦੇ ਜ਼ਿਲ੍ਹਾ ਮੈਜਿਸਟ੍ਰੇਟਾ ਅਤੇ ਉਨ੍ਹਾਂ ਦੇ ਹਮਰੁਤਬਾ ਦਿੱਲੀ ਦੇ ਪੁਲੀਸ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਹੇਠ ਲਿਖੀਆਂ ਗੱਲਾਂ ਯਕੀਨੀ ਬਣਾਉਣ :-

ੳ) ਲਾਭਾਰਥੀਆਂ ਦੁਆਰਾ ਸੁਚਾਰੂ ਰੂਪ ਨਾਲ ਰਾਸ਼ੀ ਵੰਡਣ ਲਈ ਸਮਾਜਿਕ ਦੂਰੀ ਬਣਾਏ ਰੱਖਣ ਲਈ, ਬੈਂਕ ਸ਼ਾਖਾਵਾਂ, ਬਿਜ਼ਨੇਸ ਕੌਰਸਪੌਡਸ (ਬੀਸੀਜ) ਅਤੇ ਏ.ਟੀ.ਐਮ 'ਤੇ ਖਾਤਾ ਧਾਰਕਾਂ ਦੇ ਪਹੁੰਚਣ 'ਤੇ ਉਨ੍ਹਾਂ ਨੂੰ ਵੱਖ-ਵੱਖ

ਰੱਖਿਆ ਜਾਏ ਅਤੇ ਵੰਡਣ ਲਈ ਹੇਠ ਲਿਖੇ ਪ੍ਰੋਗਰਾਮ ਦਾ ਪਾਲਣ ਕੀਤਾ ਜਾ ਸਕਦਾ ਹੈ, ਜੋ ਲਾਭਾਰਥੀ ਦੀ ਖਾਤਾ ਸੰਖਿਆ ਦੇ ਆਖਰੀ ਅੰਕ 'ਤੇ ਆਧਾਰਿਤ ਹੋਵੇਗਾ :-

| ਮਹਿਲਾ ਪੀ.ਐਮ.ਏ.ਡੀ.ਵਾਈ. ਖਾਤਾਧਾਰਕ, ਜਿਨ੍ਹਾਂ ਦੇ ਖਾਤੇ ਦਾ ਆਖਰੀ ਅੰਕ ਹੇਠ ਲਿਖੇ ਅਨੁਸਾਰ ਹੋ | ਲਾਭਾਰਥੀ ਦੁਆਰਾ ਰਾਸ਼ੀ ਵੰਡਣ ਦੀ ਤਾਰੀਖ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ |
|---|---|
| 0 ਜਾਂ 1 | 04.05.2020 |
| 2 ਜਾਂ 3 | 05.05.2020 |
| 4 ਜਾਂ 5 | 06.05.2020 |
| 6 ਜਾਂ 7 | 08.05.2020 |
| 8 ਜਾਂ 9 | 11.05.2020 |

11.05.2020 ਦੇ ਬਾਅਦ ਕੋਈ ਲਾਭਾਰਥੀ ਰਾਸ਼ੀ ਵੰਡਣ ਲਈ ਆਮ ਬੈਂਕਿੰਗ ਸਮੇਂ ਦੇ ਅਨੁਸਾਰ ਕਿਸੇ ਵੀ ਦਿਨ ਬੈਂਕ ਸ਼ਾਖਾ ਵਿਚ ਜਾਂ ਬਿਜ਼ਨੇਸ ਕੌਰਸਪੌਂਡਸ (ਬੀਸੀ) ਕੋਲ ਜਾ ਸਕਦਾ ਹੈ।

ਅ) ਬੈਂਕ ਵੀ ਲਾਭਾਰਥੀਆਂ ਦੇ ਖਾਤੇ ਵਿਚ ਉਸ ਉਪਰੰਤ ਯੋਜਨਾਬੱਧ ਤਰੀਕੇ ਨਾਲ ਰਾਸ਼ੀ ਕ੍ਰੈਡਿਟ ਕਰ ਸਕਦੇ ਹਨ। ਉਪਰੋਕਤ ਪ੍ਰੋਗਰਾਮ ਦੀ ਜਾਣਕਾਰੀ ਲਾਭਾਰਥੀਆਂ ਨੂੰ ਐਸ.ਐਮ.ਐਸ. ਰਾਹੀਂ ਦਿੱਤੀ ਜਾ ਸਕਦੀ ਹੈ, ਜਿਵੇਂ ਕਿ ਡੀ.ਐਫ.ਐਸ. ਪੱਤਰ ਮਿਤੀ 1 ਅਪ੍ਰੈਲ, 2020 ਵਚ ਸੁਝਾਇਆ ਗਿਆ ਹੈ।

ੲ) ਬੈਂਕਾਂ ਨੂੰ ਹੋਰ ਗੱਲਾਂ ਦੇ ਇਲਾਵਾ, ਹੇਠ ਲਿਖੇ ਅਨੁਸਾਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ :-

1. ਬੈਂਕ ਸ਼ਾਖਾਵਾਂ ਅਤੇ ਬਿਜ਼ਨੇਸ ਕੌਰਸਪੌਂਡਸ (ਬੀਸੀ) ਕੋਲ ਸਹੀ ਮਾਤਰਾ ਵਿਚ ਨਕਦੀ ਹੋਵੇ।
2. ਗਾਹਕਾਂ ਦੀ ਜ਼ਰੂਰਤ ਪੂਰੀ ਕਰਨ ਲਈ ਏ.ਟੀ.ਐਮਸ ਨੂੰ ਰੋਜ਼ਾਨਾ ਤੌਰ 'ਤੇ ਭਰਿਆ ਜਾਵੇ।
3. ਜਿੱਥੇ ਕਿਤੇ ਜ਼ਰੂਰਤ ਹੋਵੇ, ਸਹੀ ਮਾਤਰਾ ਵਿਚ ਨਕਦੀ ਦੇ ਨਾਲ ਮੋਬਾਈਲ ਏ.ਟੀ.ਐਮਸ ਦਾ ਪ੍ਰਬੰਧ ਕਰਨ।
4. ਨਕਦੀ ਕਢਾਉਣ ਲਈ ਲਾਭਾਰਥੀ ਨੂੰ ਸਮੇਂ ਸਾਰਣੀ ਦੀ ਜਾਣਕਾਰੀ ਐਸ.ਐਮ.ਐਸ. ਰਾਹੀਂ ਦਿੱਤੀ ਜਾਣੀ ਚਾਹੀਦੀ ਹੈ।
5. ਲਾਭਾਰਥੀਆਂ ਨੂੰ ਇਸ ਮੰਤਵ ਦਾ ਐਸ.ਐਮ.ਐਸ. ਵੀ ਭੇਜਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਡਿਜੀਟਲ ਭੁਗਤਾਨ ਪ੍ਰਣਾਲੀ ਦਾ ਬਦਲ ਵੀ ਮੌਜੂਦ ਹੈ, ਜਿਸ ਦਾ ਇਸਤੇਮਾਲ ਨਿਰਧਾਰਤ ਸੁਰੱਖਿਆ ਮਾਨਦੰਡਾਂ ਦਾ ਪਾਲਣ ਕਰਦੇ ਹੋਏ ਕੀਤਾ ਜਾ ਸਕਦਾ ਹੈ।

ਸ) ਐਸ.ਐਮ.ਐਸ ਸੰਦੇਸ਼ ਤੋਂ ਇਲਾਵਾ ਸਥਾਨਕ ਪ੍ਰਚਾਰ (ਸਥਾਨਕ ਚੈਨਲਾਂ/ਪ੍ਰਿੰਟ ਮੀਡੀਆ/ਕੇਬਲ ਆਪਰੇਟਰਾਂ/ਸਥਾਨਕ ਰੇਡੀਓ/ਹੋਰ ਚੈਨਲਾਂ ਦੇ ਜ਼ਰੀਏ) ਵੀ ਕੀਤਾ ਜਾ ਸਕਦਾ ਹੈ, ਜਿਸ ਵਿਚ ਸਾਫ਼ ਤੌਰ 'ਤੇ ਦੱਸਿਆ ਜਾਏ ਕਿ ਪੀ.ਐਮ.ਜੇ.ਡੀ.ਵਾਈ ਖਾਤਾਧਾਰਕ ਮਹਿਲਾ ਲਾਭਾਰਥੀਆਂ ਦੇ ਖਾਤੇ ਵਿਚ ਰਾਸ਼ੀ ਕ੍ਰੈਡਿਟ ਕੀਤੀ ਗਈ ਹੈ ਜੋ ਉਨ੍ਹਾਂ ਦੀ ਜ਼ਰੂਰਤ ਮੁਤਾਬਕ ਕਢਾਉਣ ਲਈ ਉਪਲਬਧ ਹੈ, ਅਤੇ ਜੇ ਉਹ ਤੁਰਤ ਕੈਸ਼ ਕਢਾਉਣਾ ਚਾਹੁੰਦੀਆਂ ਹੋਣ ਤਾਂ ਉਪਰੋਕਤ ਪੈਰੇ ਵਿਚ ਵਰਣਿਤ ਪ੍ਰੋਗਰਾਮ ਦੇ ਮੁਤਾਬਕ ਬੈਂਕ ਸ਼ਾਖਾ ਜਾਂ ਬਿਜ਼ਨੇਸ ਕੌਰਸਪੌਂਡਸ (ਬੀਸੀ) ਕੋਲ ਜਾ ਸਕਦੀ ਹੈ। ਇਸ ਗੱਲ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਸਮੇਂ ਸਾਰਣੀ ਵਿਵਸਥਤ ਵੰਡ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਨੂੰ ਯਕੀਨੀ ਬਣਾਉਣ ਲਈ ਤੈਅ ਕੀਤੀ ਗਈ ਹੈ।

ਹ) ਐਸ.ਐਲ.ਬੀ.ਸੀ. ਸੰਯੋਜਕ ਰਾ.ਰਾ.ਖੇ. ਦਿੱਲੀ ਸਰਕਾਰ ਦੇ ਸੰਬੰਧਤ ਅਧਿਕਾਰੀਆਂ ਨਾਲ ਤੁਰੰਤ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਨਕਦ ਕਢਾਉਣ ਦੀ ਵਿਸ਼ੇਸ਼ ਯੋਜਨਾ ਤੋਂ ਜਾਣੂੰ ਕਰਵਾਉਣ ਅਤੇ ਬੈਂਕ ਸ਼ਾਖਾਵਾਂ, ਬੀ ਸੀ ਕਿਓਸਕਾਂ ਅਤੇ ਏ.ਟੀ.ਐਮਸ 'ਤੇ ਵਾਜਬ ਸੁਰੱਖਿਆ ਵਿਚ ਮਦਦ ਲਈ ਉਨ੍ਹਾਂ ਨੂੰ ਬੇਨਤੀ ਕਰਨ।

ਕ)  ਜ਼ਿਲ੍ਹਾ ਅਧਿਕਾਰੀਆਂ ਅਤੇ ਪੁਲੀਸ ਪ੍ਰਸ਼ਾਸਨ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦੇ ਅੰਤਰਗਤ ਆਉਣ ਵਾਲੇ ਲੋਕਾਂ ਦੇ ਖਾਤੇ ਵਿਚ ਧਨ ਦੀ ਵੰਡ ਦੇ ਦੌਰਾਨ ਬੈਂਕਾਂ ਦੇ ਨਾਲ ਤਾਲਮੇਲ ਦੀ ਤਿਆਰੀ ਕਰਨ।

ਖ)  ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦੇ ਅੰਤਰਗਤ ਲਾਭਾਰਥੀਆਂ ਨੂੰ ਧਨ ਦੀ ਸੂਚਾਰੂ ਵੰਡ ਯਕੀਨੀ ਬਣਾਉਣ।

ਗ)  ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਅੰਤਰਗਤ ਮਾਲੀਆ ਸੇਵਾਵਾਂ ਵਿਭਾਗ ਦੇ ਉਪਰੋਕਤ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਯਕੀਨੀ ਬਣਾਉਣ।

ਘ)  ਬੈਂਕ ਭੁਗਤਾਨ ਲਈ ਖਾਤਾਧਾਰਕਾਂ ਦੀ ਵੱਖਰਾ ਕਰਨ ਦੀ ਯੋਜਨਾ 'ਤੇ ਅਮਲ ਯਕੀਨੀ ਕਰਨਗੇ, ਭੀੜ ਇਕੱਠੀ ਨਹੀਂ ਹੋਣ ਦੇਣਗੇ ਤਾਂ ਕਿ ਸਮਾਜਿਕ ਦੂਰੀ ਬਣਾਈ ਰੱਖੀ ਜਾ ਸਕੇ।

ਙ)  ਦਿੱਲੀ ਦੇ ਪੁਲੀਸ ਕਮਿਸ਼ਨਰ, ਦਿੱਲੀ ਪੁਲੀਸ ਦੇ ਜ਼ਿਲ੍ਹਾ ਡੀ.ਸੀ.ਪੀਜ਼ ਨੂੰ ਨਿਰਦੇਸ਼ ਦੇਣਕੇ ਕਿ ਉਹ ਸਾਰੀਆਂ ਬੈਂਕ ਸ਼ਾਖਾਵਾਂ ਅਤੇ ਬੀਸੀਜ 'ਤੇ ਕਾਨੂੰਨ ਪ੍ਰਬੰਧ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਲਈ ਸੁਰੱਖਿਆ ਦੇ ਵਾਜਿਬ ਪ੍ਰਬੰਧ (ਸਹੀ ਗਿਣਤੀ ਵਿਚ ਪੁਲੀਸ ਕਰਮਚਾਰੀ ਤੈਨਾਤ ਕਰਨ ਸਮੇਤ) ਕਰਨਗੇ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ :

1 ਪੁਲੀਸ ਕਮਿਸ਼ਨਰ, ਦਿੱਲੀ

2 ਮੁੱਖ ਸਕੱਤਰ (ਮਾਲੀਆ)-ਸਹਿ-ਮੰਡਲੀ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ (ਵਿੱਤ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

4 ਦਿੱਲੀ ਦੇ ਸਾਰੇ ਜ਼ਿਲ੍ਹਾ ਮੈਜਿਸਟ੍ਰੇਟ।

ਸੂਚਨਾ ਹਿੱਤ ਕਾਪੀ

1 ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2 ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ/ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4 ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5 ਸਕੱਤਰ, ਮਾਣਯੋਗ ਕਿਰਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

6 ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7 ਸਕੱਤਰ, ਮਾਣਯੋਗ ਸਮਾਜ ਕਲਿਆਣ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8 ਸਕਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ।

9 ਸਾਰੇ ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10 ਨਿਰਦੇਸ਼ਕ (ਡੀ.ਆਈ.ਪੀ.) (ਗ੍ਰਹਿ), ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ

11 ਸਾਰੇ ਜ਼ਿਲ੍ਹਾ ਪੁਲੀਸ ਡਿਪਟੀ ਕਮਿਸ਼ਨਰ, ਦਿੱਲੀ

12 ਸਿਸਟਮ ਅਨੇਲਿਸਟ, ਵਿਭਾਗੀ ਕਮਿਸ਼ਨਰ ਦਿੱਲੀ ਦਾ ਦਫ਼ਤਰ, ਦਿੱਲੀ ਨੂੰ ਇਸ ਨੂੰ ਵੈੱਬ-ਸਾਈਟ ddma.delhigovt.nic.in 'ਤੇ ਅੱਪਲੋਡ ਕਰਨ ਲਈ।

13 ਗਾਰਡ ਫਾਈਲ।